Punjabi

# ਐਂਟਰਾਲਾਈਟ ਇਨਫਿਨਟੀ ਪੰਪ ਨਾਲ ਟਿਊਬ ਰਾਹੀਂ ਖਾਣਾ ਲੈਣਾ: ਬੰਦ ਸਿਸਟਮ

# Tube Feeding by Enteralite Infinity Pump: Closed System

## ਸ਼ੁਰੂ ਕਰਨ ਲਈ To Start

ਕਿਰਪਾ ਕਰਕੇ ਤੁਹਾਡੀ/ਤੁਹਾਡੇ ਡਾਈਟੀਸ਼ਨ ਵੱਲੋਂ **ਤੁਹਾਡੇ ਲਈ ਦਿੱਤੀ ਫੀਡਿੰਗ ਪਲੈਨ** ਨੂੰ ਕੋਲ ਰੱਖੋ; ਇਸ ਸਾਰੀ ਲਿਖਤ ਵਿੱਚ ਦੀ ਜਾਣ ਸਮੇਂ ਤੁਸੀਂ ਵਾਰ ਵਾਰ ਇਸ ਨੂੰ ਦੇਖੋਗੇ। ਪਹਿਲਾਂ ਇਸ ਅਮਲ ਦੀ ਸਮੁੱਚੀ ਸਮਝ ਬਣਾਉਣ ਲਈ ਇਸ ਲਿਖਤ ਦੇ ਅਖੀਰ `ਤੇ ਦਿੱਤੀਆਂ ਵੀਡੀਓ ਨੂੰ ਦੇਖਣਾ ਫਾਇਦੇਮੰਦ ਹੋ ਸਕਦਾ ਹੈ।

## ਸੈੱਟ ਕਰਨਾ Set Up

1. ਆਪਣੇ ਹੱਥਾਂ ਨੂੰ ਸਾਬਣ ਅਤੇ ਨਿੱਘੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ।
2. ਲੋੜ ਵਾਲੀਆਂ ਵਸਤਾਂ (ਸਪਲਾਈਆਂ) ਨੂੰ ਸਾਫ ਥਾਂ `ਤੇ ਇਕੱਠੀਆਂ ਕਰੋ।
   - ਐਂਟਰਾਲਾਈਟ ਇਨਫਿਨਟੀ ਪੰਪ
   - ਫਾਰਮੂਲਾ
   - ਐਂਟਰਾਲਾਈਟ ਇਨਫਿਨਟੀ ਸਪਾਈਕ ਸੈੱਟ
   - 50 ਤੋਂ 60 ਮਿਲੀਲੀਟਰ ਦੀ ਸਰਿੰਜ
   - ਫਲੱਸ਼ ਕਰਨ ਲਈ ਕਮਰੇ ਦੇ ਟੈਂਪਰੇਚਰ `ਤੇ ਪਾਣੀ
   - ਫੀਡਿੰਗ ਸੈੱਟ ਨੂੰ ਲਟਕਾਉਣ ਲਈ ਆਈ ਵੀ ਦਾ ਪੋਲ ਜਾਂ ਹੁੱਕ




3. ਬਣਾਉਣ ਵਾਲੇ ਦੀਆਂ ਹਿਦਾਇਤਾਂ ਜਾਂ ਤੁਹਾਡੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਦੀਆਂ ਸਿਫਾਰਿਸ਼ਾਂ ਅਨੁਸਾਰ ਆਪਣੀ ਫੀਡਿੰਗ ਟਿਊਬ ਦੀ ਪਲੇਸਮੈਂਟ ਚੈੱਕ ਕਰੋ।

## ਫੀਡਿੰਗ ਸੈੱਟ ਅਤੇ ਪੰਪ ਨੂੰ ਤਿਆਰ ਕਰੋ Prepare the Feeding Set and Pump

1. ਫਾਰਮੂਲਾ ਕਮਰੇ ਦੇ ਟੈਂਪਰੇਚਰ `ਤੇ ਹੋਣਾ ਚਾਹੀਦਾ ਹੈ
2. ਫਾਰਮੂਲੇ ਦੀ ਮਿਆਦ ਖਤਮ ਹੋਣ ਦੀ ਤਰੀਕ (ਐਕਸਪਾਇਰੀ ਡੇਟ) ਚੈੱਕ ਕਰੋ। ਮਿਆਦ ਖਤਮ ਹੋਈ ਵਾਲਾ ਫਾਰਮੂਲਾ ਨਾ ਵਰਤੋ।
3. ਫਾਰਮੂਲੇ ਵਾਲੇ ਬੈਗ ਨੂੰ ਚੰਗੀ ਤਰ੍ਹਾਂ ਹਿਲਾਉ।
4. ਫਾਰਮੂਲੇ ਵਾਲੇ ਬੈਗ ਦੀ ਪੋਰਟ ਢਕਣ ਵਾਲੇ ਜ਼ਾਮਨੀ ਢੱਕਨ ਨੂੰ ਲਾਹੋ ਅਤੇ ਫਾਰਮੂਲੇ ਵਾਲੇ ਬੈਗ ਨੂੰ ਸਾਫ ਥਾਂ `ਤੇ ਰੱਖੋ। ਸਪਾਈਕ ਸੈੱਟ ਤੋਂ ਉਸ ਨੂੰ ਸੁਰੱਖਿਅਤ ਰੱਖਣ ਵਾਲਾ ਢੱਕਣ ਲਾਹੋ। ਲਾਗ ਲੱਗਣ ਤੋਂ ਬਚਾਅ ਕਰਨ ਲਈ ਸਾਵਧਾਨੀ ਵਰਤੋ। ਆਪਣੇ ਹੱਥਾਂ ਨਾਲ ਪੋਰਟ ਜਾਂ ਸਪਾਈਕ ਨੂੰ ਨਾ ਛੋਹੋ।
5. ਫਾਰਮੂਲੇ ਵਾਲੇ ਬੈਗ ਦੀ ਪੋਰਟ ਦੇ ਥੱਲੇ ਨੂੰ ਫੜ ਕੇ, ਸਪਾਈਕ ਦੇ ਸਿਰੇ ਨੂੰ ਸਿੱਧਾ ਪੋਰਟ ਵਿੱਚ ਪਾਉ। ਸਪਾਈਕ ਦੇ ਢੱਕਣ ਨੂੰ ਸੱਜੇ ਪਾਸੇ ਨੂੰ (ਘੜੀ ਦੀ ਸੂਈ ਜਾਣ ਦੀ ਸੇਧ ਵਿੱਚ) ਘੁਮਾਉ ਜਦੋਂ ਤੱਕ ਉਹ ਚੰਗੀ ਤਰ੍ਹਾਂ ਲੱਗ ਨਾ ਜਾਵੇ।

6. ਫਾਰਮੂਲੇ ਵਾਲੇ ਬੈਗ ਨੂੰ ਆਈ ਵੀ ਪੋਲ `ਤੇ ਟੰਗੋ, ਬੈਗ ਦਾ ਥੱਲਾ ਪੰਪ ਦੇ ਮੂੰਹ ਤੋਂ ਉੱਚਾ ਰੱਖੋ।
7. ਪੰਪ ਦਾ ਮੂੰਹ ਖੋਲ੍ਹੋ। ਪੰਪ `ਤੇ ਫਿੱਟ ਕਰਨ ਲਈ ਕੈਸਟ ਨੂੰ ਥੋੜ੍ਹਾ ਜਿਹਾ ਖਿੱਚਦਿਆਂ ਟਿਊਬ ਦਾ ਸਿਲੀਕੋਨ ਦੇ ਰੰਗ ਵਰਗਾ ਸੈਕਸ਼ਨ ਪੰਪ ਦੇ ਵੀਲ੍ਹ ਦੁਆਲੇ ਲਪੇਟੋ।
8. ਪੰਪ ਦਾ ਮੂੰਹ ਬੰਦ ਕਰੋ। ਔਨ/ਔਫ ਬਟਨ ਨੂੰ ਦਬਾਉ ਅਤੇ 2 ਸਕਿੰਟਾਂ ਲਈ ਦਬਾਈ ਰੱਖੋ।
9. ਫੀਡਿੰਗ ਸੈੱਟ (ਸਪਾਈਕ ਸੈੱਟ) ਦੇ ਸਿਰੇ ਤੋਂ ਢੱਕਣ ਲਾਹੋ।
10. ਪ੍ਰਾਈਮ ਫੰਕਸ਼ਨ ਦੇ ਬਟਨ ਨੂੰ ਦੱਬੋ ਅਤੇ ਦਬਾਈ ਰੱਖੋ। ਬਟਨ ਨੂੰ ਉਨਾ ਚਿਰ ਤੱਕ ਦਬਾਈ ਰੱਖੋ ਜਦੋਂ ਤੱਕ ਫਾਰਮੂਲਾ ਟਿਊਬ ਦੇ ਅਖੀਰ ਤੱਕ ਨਹੀਂ ਪਹੁੰਚ ਜਾਂਦਾ, ਫਿਰ ਬਟਨ ਨੂੰ ਛੱਡ ਦਿਉ।
11. **ਆਪਣੀ ਟਿਊਬ ਫੀਡਿੰਗ ਪਲੈਨ** ਵਿੱਚ ਸਿਫਾਰਿਸ਼ ਕੀਤੇ ਰੇਟ ਅਨੁਸਾਰ ਪੰਪ ਦਾ ਰੇਟ ਸੈੱਟ ਕਰੋ। ਰੇਟ/ਡੋਜ਼ ਬਟਨ ਨੂੰ ਉਨੇ ਚਿਰ ਲਈ ਦਬਾਉ ਜਦੋਂ ਤੱਕ ਵਿੰਡੋ ਵਿੱਚ "ਰੇਟ" ਸ਼ਬਦ ਦਿਖਾਈ ਨਹੀਂ ਦੇਣ ਲੱਗਦਾ। ਤੁਸੀਂ + ਜਾਂ - ਦਾ ਬਟਨ ਦੱਬ ਕੇ ਰੇਟ ਨੂੰ ਬਦਲ ਸਕਦੇ ਹੋ।
12. ਖੁਰਾਕ (ਡੋਜ਼) ਨੂੰ **ਆਪਣੀ ਫੀਡਿੰਗ ਪਲੈਨ** ਵਿੱਚ ਸਿਫਾਰਿਸ਼ ਕੀਤੀ ਖੁਰਾਕ `ਤੇ ਸੈੱਟ ਕਰੋ। ਰੇਟ/ਡੋਜ਼ ਬਟਨ ਨੂੰ ਉਨੇ ਚਿਰ ਲਈ ਦਬਾਉ ਜਦੋਂ ਤੱਕ ਵਿੰਡੋ ਵਿੱਚ "ਡੋਜ਼" ਸ਼ਬਦ ਦਿਖਾਈ ਨਹੀਂ ਦੇਣ ਲੱਗਦਾ। ਤੁਸੀਂ + ਜਾਂ - ਦਾ ਬਟਨ ਦੱਬ ਕੇ ਡੋਜ਼ ਨੂੰ ਬਦਲ ਸਕਦੇ ਹੋ।

## ਟਿਊਬ ਰਾਹੀਂ ਖਾਣਾ ਲੈਣਾ ਸ਼ੁਰੂ ਕਰੋ Start Your Tube Feeding

1. ਸਿੱਧੇ ਹੋ ਕੇ ਬੈਠੋ। ਇਹ ਪੱਕਾ ਕਰੋ ਕਿ ਟਿਊਬ ਨਾਲ ਖਾਣਾ ਲੈਣ ਸਮੇਂ ਤੁਸੀਂ ਘੱਟੋ ਘੱਟ 30 ਡਿਗਰੀ ਦੀ ਸਥਿਤੀ `ਤੇ ਬੈਠੇ ਹੋਏ ਹੋ। ਪਿੱਠ ਭਾਰ ਸਿੱਧੇ ਲੰਮੇ ਨਾ ਪਉ।




2. **ਆਪਣੀ ਟਿਊਬ ਫੀਡਿੰਗ ਪਲੈਨ** ਅਨੁਸਾਰ ਆਪਣੀ ਟਿਊਬ ਨੂੰ ਪਾਣੀ ਨਾਲ ਫਲੱਸ਼ ਕਰੋ।
   ਏ. ਸਰਿੰਜ ਨੂੰ ਕਮਰੇ ਦੇ ਟੈਂਪਰੇਚਰ ਵਾਲੇ ਪਾਣੀ ਨਾਲ ਭਰੋ।
   ਬੀ. ਸਰਿੰਜ ਦੇ ਸਿਰੇ ਨੂੰ ਸੁਰੱਖਿਅਤ ਢੰਗ ਨਾਲ ਫੀਡਿੰਗ ਟਿਊਬ ਦੇ ਸਿਰੇ `ਤੇ ਰੱਖੋ।
   ਸੀ. ਜੇ ਤੁਹਾਡੀ ਫੀਡਿੰਗ ਟਿਊਬ `ਤੇ ਕਲੈਂਪ ਲੱਗਾ ਹੋਇਆ ਹੋਵੇ ਤਾਂ ਉਸ ਨੂੰ ਖੋਲ੍ਹੋ। ਸਰਿੰਜ ਦੇ ਪਲੰਜਰ ਨੂੰ ਦਬਾਉ।
   ਡੀ. ਕਲੈਂਪ ਨੂੰ ਬੰਦ ਕਰੋ, ਜਾਂ ਆਪਣੀ ਟਿਊਬ ਨੂੰ ਘੁੱਟੋ ਅਤੇ ਸਰਿੰਜ ਨੂੰ ਬਾਹਰ ਕੱਢ ਲਉ।



3. ਢੱਕਣ ਨੂੰ ਲਾਹੋ ਅਤੇ ਫੀਡਿੰਗ ਟਿਊਬ ਵਿੱਚ ਪਾਉਣ ਤੋਂ ਪਹਿਲਾਂ ਫੀਡਿੰਗ ਸੈੱਟ ਦੇ ਸਿਰੇ ਨੂੰ ਅਲਕੋਹਲ ਦੀ ਵਾਈਪ ਨਾਲ ਸਾਫ ਕਰੋ।
4. ਜੇ ਤੁਹਾਡੀ ਫੀਡਿੰਗ ਟਿਊਬ `ਤੇ ਕਲੈਂਪ ਲੱਗਾ ਹੋਇਆ ਹੋਵੇ ਤਾਂ ਉਸ ਨੂੰ ਖੋਲ੍ਹੋ।
5. ਆਪਣੀਆਂ ਫੀਡਜ਼ (ਖਾਣਾ ਲੈਣਾ) ਸ਼ੁਰੂ ਕਰਨ ਤੋਂ ਪਹਿਲਾਂ ਰਨ/ਪਾਜ਼ ਵਾਲੇ ਬਟਨ ਨੂੰ ਦਬਾਉ।

## ਜਦੋਂ ਤੁਹਾਡਾ ਟਿਊਬ ਰਾਹੀਂ ਖਾਣਾ ਲੈਣ ਦਾ ਕੰਮ ਮੁੱਕ ਜਾਵੇ When Your Tube Feeding is Done

1. ਆਪਣੇ ਹੱਥਾਂ ਨੂੰ ਸਾਬਣ ਅਤੇ ਨਿੱਘੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ।
2. ਵੌਲੀਅਮ/ਟੋਟਲ ਵਾਲੇ ਬਟਨ ਨੂੰ ਦਬਾਉ। ਕਲੀਅਰ ਵਾਲੇ ਬਟਨ ਨੂੰ ਦਬਾਉ। ਤੁਹਾਨੂੰ ਸਕਰੀਨ ਉੱਤੇ ਜ਼ੀਰੋ ਦਿਖਾਈ ਦੇਵੇਗਾ। ਪੰਪ ਨੂੰ ਬੰਦ ਕਰਨ ਲਈ ਔਨ/ਔਫ ਵਾਲੇ ਬਟਨ ਨੂੰ ਦਬਾਉ ਅਤੇ ਦਬਾਈ ਰੱਖੋ।
3. ਜੇ ਤੁਹਾਡੀ ਫੀਡਿੰਗ ਟਿਊਬ `ਤੇ ਕਲੈਂਪ ਲੱਗਾ ਹੋਇਆ ਹੋਵੇ ਤਾਂ ਉਸ ਨੂੰ ਬੰਦ ਕਰੋ।
4. ਆਪਣੀ ਟਿਊਬ ਦੇ ਢੱਕਣ ਨੂੰ ਬੰਦ ਕਰਨ ਤੋਂ ਪਹਿਲਾਂ ਫੀਡਿੰਗ ਸੈੱਟ ਦੇ ਸਿਰੇ ਨੂੰ ਡਿਸਕੁਨੈਕਟ ਕਰੋ ਅਤੇ ਅਲਕੋਹਲ ਦੀ ਵਾਈਪ ਨਾਲ ਸਾਫ ਕਰੋ।
5. **ਆਪਣੀ ਟਿਊਬ ਫੀਡਿੰਗ ਪਲੈਨ** ਅਨੁਸਾਰ ਟਿਊਬ ਨੂੰ ਪਾਣੀ ਨਾਲ ਫਲੱਸ਼ ਕਰੋ।
6. ਹਰ ਵਾਰੀ ਖਾਣਾ ਲੈਣ ਤੋਂ ਬਾਅਦ ਘੱਟੋ ਘੱਟ 60 ਮਿੰਟਾਂ ਲਈ ਸਿੱਧੇ ਆਸਣ ਵਿੱਚ ਰਹੋ।

# ਆਪਣੀ ਟਿਊਬ ਨਾਲ ਖਾਣਾ ਲੈਣ ਦੀਆਂ ਸਪਲਾਈਆਂ ਨੂੰ ਕਿਵੇਂ ਸਾਫ ਕਰਨਾ ਅਤੇ ਸੰਭਾਲਣਾ ਹੈ
# How to Clean and Store Your Tube Feeding Supplies

## ਸਰਿੰਜਾਂ Syringes

ਪਾਣੀ ਨਾਲ ਫਲੱਸ਼ ਕਰਨ ਲਈ ਇਕ ਸਰਿੰਜ ਵਰਤੋ ਅਤੇ ਦਵਾਈਆਂ ਲਈ ਦੂਸਰੀ। ਹਰ ਵਾਰੀ ਵਰਤਣ ਤੋਂ ਬਾਅਦ ਸਰਿੰਜਾਂ ਨੂੰ ਵੱਖ ਵੱਖ ਕਰੋ ਅਤੇ ਸਾਬਣ ਅਤੇ ਨਿੱਘੇ ਪਾਣੀ ਨਾਲ ਸਾਫ ਕਰੋ ਅਤੇ ਚੰਗੀ ਤਰ੍ਹਾਂ ਹੰਗਾਲੋ। ਵਰਤਣ ਤੋਂ ਬਾਅਦ ਸਰਿੰਜਾਂ ਨੂੰ ਹਵਾ ਨਾਲ ਸੁੱਕਣ ਦਿਉ। ਸਰਿੰਜਾਂ ਉਨੀ ਦੇਰ ਤੱਕ ਵਰਤੀਆਂ ਜਾ ਸਕਦੀਆਂ ਹਨ, ਜਿੰਨੀ ਦੇਰ ਤੱਕ ਠੀਕ ਤਰ੍ਹਾਂ ਕੰਮ ਕਰਦੀਆਂ ਹੋਣ। ਜੇ ਸਰਿੰਜਾਂ ਵਿੱਚ ਤ੍ਰੇੜ ਪੈ ਜਾਵੇ ਜਾਂ ਉਹ ਨੁਕਸਾਨੀਆਂ ਜਾਣ ਤਾਂ ਉਨ੍ਹਾਂ ਨੂੰ ਸੁੱਟ ਦਿਉ।

## ਫਾਰਮੂਲਾ Formula

ਫਾਰਮੂਲੇ ਦੇ ਅਣਖੋਲ੍ਹੇ ਬੈਗਾਂ ਨੂੰ ਕਮਰੇ ਦੇ ਟੈਂਪਰੇਚਰ `ਤੇ ਸੁੱਕੇ ਥਾਂ `ਤੇ ਰੱਖਣਾ ਚਾਹੀਦਾ ਹੈ।

ਸਪਾਈਕ ਰਾਈਟ ਦੇ ਫਾਰਮੂਲੇ ਦੇ ਬੈਗਾਂ ਲਈ:

- ਫਾਰਮੂਲੇ ਨੂੰ ਸਟੋਰ ਕਰਨ ਲਈ ਬਣਾਉਣ ਵਾਲੇ ਦੀਆਂ ਸੇਧਾਂ ਦੀ ਪਾਲਣਾ ਕਰੋ।
- ਫਾਰਮੂਲੇ `ਤੇ ਉਸ ਵਿੱਚ ਛੇਕ ਕਰਨ ਦੀ ਤਰੀਕ ਅਤੇ ਸਮਾਂ ਲਿਖੋ।
- ਫਾਰਮੂਲੇ ਦੇ ਛੇਕਾਂ ਵਾਲੇ ਬੈਗ ਕਮਰੇ ਦੇ ਟੈਂਪਰੇਚਰ `ਤੇ 48 ਘੰਟਿਆਂ ਲਈ ਸਟੋਰ ਕੀਤੇ ਜਾ ਸਕਦੇ ਹਨ। 48 ਘੰਟਿਆਂ ਬਾਅਦ ਬਚੇ ਹੋਏ ਫਾਰਮੂਲੇ ਨੂੰ ਸੁੱਟ ਦਿਉ।
- 48 ਘੰਟਿਆਂ ਬਾਅਦ ਫਾਰਮੂਲੇ ਦੇ ਬੈਗ ਦੇ ਨਾਲ ਟਿਊਬਾਂ ਦੇ ਸੈੱਟ ਨੂੰ ਵੀ ਸੁੱਟ ਦਿਉ। ਟਿਊਬਾਂ ਦੇ ਸੈੱਟ ਨੂੰ ਦੁਬਾਰਾ ਨਾ ਵਰਤੋ।

## ਪੰਪ Pump

**ਵਾਰਨਿੰਗ:** ਪੰਪ ਨੂੰ ਸਾਫ ਕਰਨ ਤੋਂ ਪਹਿਲਾਂ ਹਮੇਸ਼ਾਂ ਇਹ ਪੱਕਾ ਕਰੋ ਕਿ ਪੰਪ **ਬੰਦ ਕਰ ਦਿੱਤਾ ਗਿਆ ਹੈ** ਅਤੇ **ਏ ਸੀ ਦਾ ਅਡਾਪਟਰ ਪਾਵਰ ਦੀ ਆਊਟਲੈੱਟ ਤੋਂ ਡਿਸਕੁਨੈਕਟ** ਕਰ ਦਿੱਤਾ ਗਿਆ ਹੈ। ਜਦੋਂ ਵੀ ਫਾਰਮੂਲਾ ਡੁੱਲ੍ਹ ਜਾਵੇ ਤਾਂ ਉਸ ਤੋਂ ਬਾਅਦ ਪੰਪ ਨੂੰ ਸਾਫ ਕਰਨਾ ਚਾਹੀਦਾ ਹੈ। ਪੰਪ ਨੂੰ ਸਾਬਣ (ਭਾਂਡੇ ਧੋਣ ਵਾਲੇ ਆਮ ਸਾਬਣ) ਵਾਲੇ ਆਮ ਨਿੱਘੇ ਪਾਣੀ ਅਤੇ ਨੌਨ-ਅਬਰੇਸਿਵ (ਰਗੜ ਨਾ ਲਾਉਣ ਵਾਲੇ) ਸਪੰਜ ਜਾਂ ਨਰਮ ਕੱਪੜੇ ਨਾਲ ਸਾਫ ਕੀਤਾ ਜਾ ਸਕਦਾ ਹੈ, ਜੇ ਲੋੜ ਹੋਵੇ ਤਾਂ ਸਪੰਜ ਜਾਂ ਨਰਮ ਕੱਪੜੇ ਨੂੰ ਚਲਦੇ ਪਾਣੀ ਹੇਠ ਰੱਖਿਆ ਜਾ ਸਕਦਾ ਹੈ। ਕੈਸਟਾਂ ਰੱਖਣ ਵਾਲੇ ਖਾਨੇ ਦੇ ਰਾਹ ਨੂੰ ਸਾਫ ਕਰਨ ਲਈ ਅਤੇ ਪੰਪ ਦੇ ਵੀਲ੍ਹ ਦੇ ਰੋਲਰ ਦੇ ਪਿੰਨਾਂ ਤੋਂ ਟੀਲ ਸਿਲੀਕੋਨ ਦੀ ਰਹਿੰਦ-ਖੂਹੰਦ ਨੂੰ ਹਟਾਉਣ ਲਈ ਰੂੰਅ ਦਾ ਫਹਿਆ ਵਰਤੋ। ਵਰਤਣ ਤੋਂ ਪਹਿਲਾਂ ਪੰਪ ਨੂੰ ਸਾਫ ਕੱਪੜੇ ਨਾਲ ਚੰਗੀ ਤਰ੍ਹਾਂ ਸੁਕਾਉ। ਸਾਫ ਕਰਨ ਦੀਆਂ ਹੋਰ ਚੋਣਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਉਪਰੇਟਰਜ਼ ਮੈਨੂਅਲ ਦੇਖੋ।

## ਆਪਣੇ ਫੀਡਿੰਗ ਪੰਪ ਨੂੰ ਵਰਤਣ ਬਾਰੇ ਹੋਰ ਜਾਣਕਾਰੀ ਲਈ
## For More Information on Using Your Feeding Pump

ਕਿਰਪਾ ਕਰਕੇ ਹੇਠਾਂ ਦਿੱਤੇ ਵੈੱਬਸਾਈਟ `ਤੇ ਜਾਉ:
https://www.moogmedical.com/resources/video/#infinity
ਜਾਂ ਵੈੱਬਸਾਈਟ `ਤੇ ਜਾਣ ਲਈ ਇਹ ਕਿਊ ਆਰ ਕੋਡ ਵਰਤੋ।

Making better decisions together with patients and families

ਹੋਰ ਕਾਪੀਆਂ ਲੈਣ ਲਈ **http://vch.eduhealth.ca** `ਤੇ
ਜਾਉ ਜਾਂ **phem@vch.ca** `ਤੇ ਈਮੇਲ ਕਰੋ ਅਤੇ ਕੈਟਾਲੌਂਗ ਦਾ ਨੰਬਰ **BB.210.H6.PU**
ਕਾਪੀਰਾਈਟ: ਵੈਨਕੂਵਰ ਕੋਸਟਲ ਹੈਲਥ, ਸਤੰਬਰ 2022

ਇਸ ਲਿਖਤ ਵਿੱਚ ਦਿੱਤੀ ਗਈ ਜਾਣਕਾਰੀ ਸਿਰਫ ਉਸ ਵਿਅਕਤੀ ਲਈ ਹੈ,
ਜਿਸ ਨੂੰ ਇਹ ਹੈਲਥ ਕੇਅਰ ਟੀਮ ਵੱਲੋਂ ਦਿੱਤੀ ਗਈ ਹੈ।

**www.vch.ca**

ਕਿਰਪਾ ਕਰ ਕੇ ਇਸ QR ਕੋਡ ਨੂੰ ਸਕੈਨ ਕਰ ਕੇ ਅਨੁਵਾਦ ਸਬੰਧੀ ਆਪਣੇ ਵਿਚਾਰ ਪ੍ਰਗਟ ਕਰੋ।